# ਪਾਠ- 6

# ਡਿਜੀਟਾਈਜੇਸ਼ਨ

**ਇਸ ਪਾਠ ਦੇ ਉਦੇਸ਼**

6.1 ਡਿਜੀਟਾਈਜੇਸ਼ਨ ਨਾਲ ਜਾਣ-ਪਛਾਣ
6.2 ਈ-ਕਾਮਰਸ
6.3 ਡਿਜੀਟਲ ਜਾ ਆਨਲਾਈਨ ਪੇਮੈਂਟ
6.4 ਈ-ਲਰਨਿੰਗ
6.5 ਨੈਸ਼ਨਲ ਅਕੈਡਮਿਕ ਡਿਪੋਜ਼ਿਟਰੀ (NAD)
6.6 ਡਿਜੀਲਾਕਰ

## 6.1 ਡਿਜੀਟਾਈਜ਼ੇਸ਼ਨ ਨਾਲ ਜਾਣ-ਪਛਾਣ (Introduction Digitization)

ਡਿਜੀਟਾਈਜ਼ੇਸ਼ਨ ਤੋਂ ਭਾਵ ਸੂਚਨਾ ਨੂੰ ਡਿਜੀਟਲ ਮਾਧਿਅਮ ਭਾਵ ਕੰਪਿਊਟਰ ਦੇ ਪੜ੍ਹਨਯੋਗ ਅਤੇ ਕੰਪਿਊਟਰ ਰਾਹੀਂ ਸੰਭਾਲਣਯੋਗ ਰੂਪ ਵਿੱਚ ਬਦਲਣ ਦੀ ਪ੍ਰਕ੍ਰਿਆ ਹੈ, ਜਿਸ ਰਾਹੀਂ ਸੂਚਨਾ ਨੂੰ bits ਦੇ ਰੂਪ ਵਿੱਚ ਸਾਂਭਿਆ ਜਾਂਦਾ ਹੈ। ਅਜੋਕੇ ਦੌਰ ਵਿੱਚ ਤਸਵੀਰਾਂ, ਡਾਕੂਮੈਂਟ, ਆਡੀਓ, ਵੀਡੀਓ ਆਦਿ ਨੂੰ ਵੱਖ-ਵੱਖ ਕੰਪਿਊਟਰ ਉਪਕਰਨਾਂ ਦੀ ਸਹਾਇਤਾ ਨਾਲ, ਡਿਜੀਟਲ ਮਾਧਿਅਮ ਵਿੱਚ ਤਬਦੀਲ ਕਰਕੇ ਕੰਪਿਊਟਰ ਰਾਹੀਂ ਸਾਂਭਿਆ ਜਾਂਦਾ ਹੈ।

ਅਜਿਹਾ ਕਰਨ ਨਾਲ ਜਿੱਥੇ ਲੋੜੀਂਦੀ ਸੂਚਨਾ ਨੂੰ ਲੰਬੇ ਸਮੇਂ ਲਈ ਸੰਭਾਲ ਕੇ ਰੱਖਿਆ ਜਾ ਸਕਦਾ ਹੈ, ਉੱਥੇ ਇਸ ਸੂਚਨਾ ਨੂੰ ਪ੍ਰਾਪਤ ਕਰਨਾ ਅਤੇ ਇਸ 'ਤੇ ਕੰਮ ਕਰਨਾ ਆਸਾਨ ਹੋ ਜਾਂਦਾ ਹੈ।




6.1 ਡਿਜੀਟਾਈਜ਼ੇਸ਼ਨ (Digitization)



Digitization

ਹੁਣ ਲਗਭਗ ਹਰ ਸਰਕਾਰੀ ਰਿਕਾਰਡ ਡਿਜੀਟਾਈਜ਼ ਕਰ ਦਿੱਤਾ ਗਿਆ ਹੈ, ਜਿਸ ਨਾਲ ਨਾਗਰਿਕਾਂ ਨੂੰ ਸੇਵਾਵਾਂ ਵਧੇਰੇ ਤੇਜ਼ੀ ਨਾਲ ਅਤੇ ਆਸਾਨੀ ਨਾਲ ਮਿਲ ਰਹੀਆਂ ਹਨ। ਉਦਾਹਰਨ ਦੇ ਤੌਰ 'ਤੇ ਜ਼ਮੀਨਾਂ ਦੀ ਫਰਦ ਦਾ ਰਿਕਾਰਡ, ਆਧਾਰ ਕਾਰਡ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ ਉੱਤੇ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਆਦਿ।

## 6.2 ਈ-ਕਾਮਰਸ (E-Commerce)

ਈ-ਕਾਮਰਸ ਨੂੰ ਇਲੈਕਟ੍ਰਾਨਿਕ ਕਾਮਰਸ ਜਾਂ ਇੰਟਰਨੈੱਟ ਕਾਮਰਸ ਵੀ ਕਿਹਾ ਜਾਂਦਾ ਹੈ, ਜਿਸਦਾ ਭਾਵ ਹੈ ਇੰਟਰਨੈੱਟ ਰਾਹੀਂ ਵਸਤਾਂ ਨੂੰ ਖਰੀਦਣਾ ਜਾਂ ਵੇਚਣਾ, ਸੇਵਾਵਾਂ ਦੀ ਵਰਤੋਂ ਕਰਨਾ, ਪੈਸਿਆਂ ਦਾ ਲੈਣ-ਦੇਣ ਕਰਨਾ ਆਦਿ। ਇਸ ਸਹੂਲਤ ਨਾਲ ਵਪਾਰ ਨੂੰ ਇੱਕ ਨਵੀਂ ਦਿਸ਼ਾ ਮਿਲੀ ਹੈ ਅਤੇ ਕਾਰੋਬਾਰ ਬਹੁਤ ਪ੍ਰਫੁੱਲਤ ਹੋਏ ਹਨ। ਈ-ਕਾਮਰਸ ਤਹਿਤ ਵਸਤਾਂ ਖਰੀਦਣ ਜਾਂ ਵੇਚਣ ਲਈ ਵੈੱਬਸਾਈਟਾਂ ਦੀ ਉਦਾਹਰਨ : Amazon, Flipkart, eBay, OLX, Quikr ਆਦਿ ਹੈ।





ਚਿੱਤਰ 6.2 ਈ-ਕਾਮਰਸ ਕਾਰਜ ਪ੍ਰਣਾਲੀ

### 6.2.1 ਈ-ਕਾਮਰਸ ਦੀਆਂ ਕਿਸਮਾਂ (Types of E-Commerce)

ਈ-ਕਾਮਰਸ ਨੂੰ ਮੁੱਖ ਤੌਰ 'ਤੇ ਚਾਰ ਮੁੱਖ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ ਅਤੇ ਇਹਨਾਂ ਸ਼੍ਰੇਣੀਆਂ ਦੀ ਵੰਡ, ਉਸ ਸਮੂਹ ਦੇ ਆਧਾਰ 'ਤੇ ਕੀਤੀ ਜਾਂਦੀ ਹੈ ਜੋ ਈ-ਕਾਮਰਸ ਦੀ ਵਰਤੋਂ ਕਰਦੇ ਹਨ।

***(i)* ਵਪਾਰ ਤੋਂ ਵਪਾਰ (Business to Business) B2B :** ਇਸ ਵਿੱਚ ਵੱਖ-ਵੱਖ ਕੰਪਨੀਆਂ, ਇੱਕ-ਦੂਸਰੇ ਨਾਲ ਆਪਣਾ ਵਪਾਰ ਕਰਦੀਆਂ ਹਨ। ਇਸ ਵਿੱਚ ਖਪਤਕਾਰ ਸ਼ਾਮਿਲ ਨਹੀਂ ਹੁੰਦੇ, ਕੇਵਲ ਕੰਪਨੀਆਂ ਹੀ ਸਮਾਨ ਦਾ ਆਦਾਨ-ਪ੍ਰਦਾਨ ਕਰਦੀਆਂ ਹਨ। ਸੋ ਇਸ ਵਿੱਚ ਨਿਰਮਾਤਾ, ਹੋਲਸੇਲਰ ਅਤੇ ਰੀਟੇਲਰ ਸ਼ਾਮਿਲ ਹੁੰਦੇ ਹਨ।




ਚਿੱਤਰ 6.3 ਈ-ਕਾਮਰਸ ਦੀਆਂ ਕਿਸਮਾਂ

***(ii)* ਵਪਾਰ ਤੋਂ ਖਪਤਕਾਰ (Business to Consumer) B2C :** ਇਸ ਵਿੱਚ ਕੰਪਨੀਆਂ ਅਤੇ ਖਪਤਕਾਰ ਸ਼ਾਮਿਲ ਹੁੰਦੇ ਹਨ। ਇਸ ਰਾਹੀਂ ਕੰਪਨੀਆਂ ਆਪਣੀਆਂ ਵਸਤਾਂ ਅਤੇ ਸੇਵਾਵਾਂ ਸਿੱਧੇ ਆਪਣੇ ਖਪਤਕਾਰਾਂ ਨੂੰ ਮੁਹੱਈਆਂ ਕਰਵਾਉਂਦੀਆਂ ਹਨ। ਖਪਤਕਾਰ ਸੰਬੰਧਤ ਕੰਪਨੀ ਦੀ ਵੈੱਬਸਾਈਟ ਤੋਂ ਵਸਤਾਂ ਦੀ ਚੋਣ ਕਰਕੇ ਖਰੀਦ ਕਰਦਾ ਹੈ ਅਤੇ ਕੰਪਨੀ ਨੂੰ ਸਿੱਧੇ ਤੌਰ 'ਤੇ ਅਦਾਇਗੀ ਕਰਦਾ ਹੈ। ਖਰੀਦੀ ਗਈ ਵਸਤੂ ਕੰਪਨੀ ਵੱਲੋਂ ਖਪਤਕਾਰ ਨੂੰ ਸਿੱਧੇ ਹੀ ਉਸਦੇ ਦਿੱਤੇ ਪਤੇ 'ਤੇ ਭੇਜ ਦਿੱਤੀ ਜਾਂਦੀ ਹੈ। ਉਦਾਹਰਨ- Amazon, Flipkart, eBay etc.

***(iii)* ਖਪਤਕਾਰ ਤੋਂ ਖਪਤਕਾਰ (Customer to Customer) C2C :** ਇਸ ਵਿੱਚ ਖਪਤਕਾਰ ਇੱਕ-ਦੂਸਰੇ ਨਾਲ ਸਿੱਧੇ ਸੰਪੰਰਕ ਵਿੱਚ ਹੁੰਦੇ ਹਨ ਅਤੇ ਕੋਈ ਕੰਪਨੀ ਸ਼ਾਮਿਲ ਨਹੀਂ ਹੁੰਦੀ। ਇਸ ਵਿੱਚ ਲੋਕ ਇੱਕ-ਦੂਸਰੇ ਨੂੰ ਆਪਣੀਆਂ ਨਿੱਜੀ ਵਸਤਾਂ ਵੇਚ ਅਤੇ ਖਰੀਦ ਸਕਦੇ ਹਨ। ਆਮ ਤੌਰ 'ਤੇ ਲੋਕ ਇਸਦੀ ਵਰਤੋਂ ਆਪਣਾ ਵਾਧੂ ਜਾਂ ਪੁਰਾਣਾ ਸਮਾਨ

ਵੇਚਣ ਲਈ ਕਰਦੇ ਹਨ ਅਤੇ ਜਿਸ ਨੂੰ ਅਜਿਹੇ ਸਮਾਨ ਦੀ ਜ਼ਰੂਰਤ ਹੁੰਦੀ ਹੈ, ਉਹ ਖਰੀਦ ਲੈਂਦਾ ਹੈ। ਉਦਾਹਰਨ : OLX, Quikr.

**(*iv*) ਖਪਤਕਾਰ ਤੋਂ ਵਪਾਰ (Customer to Business) C2B :** ਇਹ ਵਪਾਰ ਤੋਂ ਖਪਤਕਾਰ (Business to Customer) ਭਾਵ B2C ਦਾ ਉਲਟ ਹੈ। ਇਸ ਵਿੱਚ ਖਪਤਕਾਰ ਆਪਣੀਆਂ ਵਸਤੂਆਂ ਜਾਂ ਸੇਵਾਵਾਂ ਕੰਪਨੀ ਨੂੰ ਮੁਹੱਈਆ ਕਰਵਾਉਂਦਾ ਹੈ। ਉਦਾਹਰਨ- ਇੱਕ ਵਿਅਕਤੀ ਆਪਣਾ ਸਾਫਟਵੇਅਰ ਤਿਆਰ ਕਰਕੇ ਕਿਸੇ ਕੰਪਨੀ ਨੂੰ ਵੇਚਦਾ ਹੈ।

### 6.2.2 ਈ-ਕਾਮਰਸ ਦੇ ਲਾਭ (Advantages of E-Commerce)

**(*i*) ਜਗ੍ਹਾ ਦੀ ਪਾਬੰਦੀ ਤੋਂ ਮੁਕਤੀ (Overcome Geographical Limitation) :** ਈ-ਕਾਮਰਸ ਨਾਲ ਭੂਗੋਲਿਕ ਦੂਰੀ ਦੀ ਅੜਚਣ ਖਤਮ ਹੋ ਗਈ ਹੈ। ਹੁਣ ਕੰਪਨੀਆਂ ਜਾਂ ਲੋਕ ਆਪਣੀਆਂ ਵਸਤੂਆਂ ਜਾਂ ਸੇਵਾਵਾਂ ਦੁਨੀਆ ਵਿੱਚ ਕਿਧਰੇ ਵੀ ਮੁਹੱਈਆ ਕਰਵਾ ਸਕਦੇ ਹਨ ਜਾਂ ਕਿਧਰੋਂ ਵੀ ਖਰੀਦ ਸਕਦੇ ਹਨ ਅਤੇ ਇਸ ਮੰਤਵ ਲਈ ਕਿਤੇ ਵੀ ਜਾਣਾ ਨਹੀਂ ਪੈਂਦਾ ਬਲਕਿ ਘਰ ਬੈਠੇ ਇੰਟਰਨੈੱਟ ਰਾਹੀਂ ਇਹ ਸੰਭਵ ਹੈ।

**(*ii*) ਪੈਸੇ ਦੀ ਬੱਚਤ (Lower Costs) :** ਈ-ਕਾਮਰਸ ਨਾਲ ਪੈਸੇ ਦੀ ਭਾਰੀ ਬੱਚਤ ਹੁੰਦੀ ਹੈ ਕਿਉਂਕਿ ਖਰੀਦਣ ਵਾਲਾ ਸਿੱਧਾ ਵਸਤੂ ਤਿਆਰ ਕਰਨ ਵਾਲੀ ਕੰਪਨੀ ਤੋਂ ਖਰੀਦ ਸਕਦਾ ਹੈ, ਜਿਸ ਨਾਲ ਕਈ ਤਰ੍ਹਾਂ ਦੇ ਟੈਕਸ ਅਤੇ ਵਾਧੂ ਖਰਚੇ ਖਤਮ ਹੋ ਜਾਂਦੇ ਹਨ। ਇਸ ਤਰ੍ਹਾਂ ਵਸਤੂ ਘੱਟ ਕੀਮਤ 'ਤੇ ਖਪਤਕਾਰ ਨੂੰ ਪ੍ਰਾਪਤ ਹੋ ਜਾਂਦੀ ਹੈ। ਇਸ ਤੋਂ ਇਲਾਵਾ ਕਿਧਰੇ ਜਾਣਾ ਵੀ ਨਹੀਂ ਪੈਂਦਾ ਜਿਸ ਕਾਰਨ ਆਉਣ-ਜਾਣ ਦਾ ਖਰਚਾ ਵੀ ਖਤਮ ਹੋ ਜਾਂਦਾ ਹੈ।

**(*iii*) ਜਲਦ ਅਤੇ ਆਸਾਨ ਪਹੁੰਚ (Quick and Easy Delivery) :** ਖਰੀਦੀ ਗਈ ਵਸਤੂ ਖਪਤਕਾਰ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਕੰਪਨੀਆਂ ਵੱਲੋਂ ਸਿੱਧਾ ਖਪਤਕਾਰ ਦੇ ਦਿੱਤੇ ਗਏ ਪਤੇ 'ਤੇ ਭੇਜ ਦਿੱਤੀ ਜਾਂਦੀ ਹੈ, ਜਿਸ ਨਾਲ ਖਪਤਕਾਰ ਨੂੰ ਆਸਾਨੀ ਨਾਲ ਵਸਤੂ ਪ੍ਰਾਪਤ ਹੋ ਜਾਂਦੀ ਹੈ। ਇਸ ਤੋਂ ਇਲਾਵਾ ਖਪਤਕਾਰ ਦੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਕੰਪਨੀ ਵੱਲੋਂ ਤੁਰੰਤ ਦਰਜ ਕਰਕੇ ਸ਼ਿਕਾਇਤ ਦੂਰ ਕੀਤੀ ਜਾਂਦੀ ਹੈ। ਇਸ ਨਾਲ ਸਮੇਂ ਦੀ ਬੱਚਤ ਹੁੰਦੀ ਹੈ।

**(*iv*) ਹਰ ਸਮੇਂ ਉਪਲਬੱਧ (Available 24x7 hours) :** ਸਭ ਤੋਂ ਵੱਧ ਮਹੱਤਵਪੂਰਨ ਅਤੇ ਵਧੀਆ ਲਾਭ ਇਹ ਹੈ ਕਿ ਈ-ਕਾਮਰਸ ਦੁਆਰਾ ਕਿਸੇ ਵੀ ਸਮੇਂ ਸ਼ਾਪਿੰਗ ਕੀਤੀ ਜਾ ਸਕਦੀ ਹੈ। ਇੱਥੇ ਕਦੇ ਵੀ ਵਪਾਰ ਬੰਦ ਨਹੀਂ ਹੁੰਦਾ। ਦਿਨ ਹੋਵੇ ਜਾਂ ਰਾਤ, ਤਿਉਹਾਰ ਹੋਵੇ ਜਾਂ ਛੁੱਟੀ ਵਾਲਾ ਦਿਨ, ਹਰ ਸਮੇਂ ਇੰਟਰਨੈੱਟ ਰਾਹੀਂ ਵਪਾਰ ਚੱਲਦਾ ਰਹਿੰਦਾ ਹੈ।

**(*v*) ਆਸਾਨ ਖਰੀਦਦਾਰੀ (Easy shopping) :** ਜਦੋਂ ਸ਼ਾਪਿੰਗ ਕਰਨ ਬਜ਼ਾਰ ਜਾਂ ਕਿਸੇ ਸਟੋਰ ਵਿੱਚ ਜਾਂਦੇ ਹਾਂ ਤਾਂ ਉੱਥੇ ਭੀੜ ਹੋਣ ਕਾਰਨ ਜਾਂ ਦੁਕਾਨਦਾਰ ਵੱਲੋਂ ਵਸਤੂ ਦਿਖਾਉਣ ਵਿੱਚ ਦੇਰੀ ਕਾਰਨ ਪ੍ਰੇਸ਼ਾਨੀ ਹੋ ਜਾਂਦੀ ਹੈ। ਜਦੋਂਕਿ ਇੰਟਰਨੈਟ 'ਤੇ ਅਜਿਹੀ ਕੋਈ ਭੀੜ ਵਾਲੀ ਸਮੱਸਿਆ ਨਹੀਂ ਹੁੰਦੀ ਅਤੇ ਵਸਤੂਆਂ ਦੀ ਇੱਕ ਲੰਬੀ-ਚੌੜੀ ਸੂਚੀ ਵਿੱਚੋਂ ਅਸੀਂ ਆਸਾਨੀ ਨਾਲ ਵਸਤੂ ਦੀ ਚੋਣ ਕਰ ਸਕਦੇ।

**(*vi*) ਪਸੰਦੀਦਾ ਵਸਤੂ ਪ੍ਰਾਪਤ ਕਰਨਾ (Easy accessibility) :** ਅਸੀਂ ਆਪਣੀ ਮਨਚਾਹੀ ਵਸਤੂ ਨੂੰ ਬਹੁਤ ਆਸਾਨੀ ਨਾਲ ਇੰਟਰਨੈੱਟ ਰਾਹੀਂ ਸਰਚ ਕਰਕੇ, ਉਸਦੇ ਨਾਲ ਮਿਲਦੀਆਂ-ਜੁਲਦੀਆਂ ਵਸਤਾਂ ਨਾਲ ਮਿਲਾਣ ਅਤੇ ਤੁਲਨਾ ਕਰਕੇ, ਬਿਹਤਰ ਵਿਕਲਪ ਦੀ ਚੋਣ ਕਰ ਸਕਦੇ ਹਾਂ।

### 6.2.3 ਈ-ਕਾਮਰਸ ਦੀਆਂ ਹਾਨੀਆਂ (Disadvantages of E-Commerce)

**(*i*) ਉਡੀਕ ਸਮਾਂ (Wait time) :** ਜੇਕਰ ਗ੍ਰਾਹਕ ਕਿਸੇ ਦੁਕਾਨ ਤੋਂ ਕੋਈ ਵਸਤੂ ਖਰੀਦਦਾ ਹੈ ਤਾਂ ਉਹ ਵਸਤੂ ਤੁਰੰਤ ਉਸਨੂੰ ਪ੍ਰਾਪਤ ਹੋ ਜਾਂਦੀ ਹੈ, ਪ੍ਰੰਤੂ ਈ-ਕਾਮਰਸ ਰਾਹੀਂ ਖਰੀਦੀ ਵਸਤੂ ਗ੍ਰਾਹਕ ਨੂੰ ਤੁਰੰਤ ਪ੍ਰਾਪਤ ਨਹੀਂ ਹੁੰਦੀ। ਗ੍ਰਾਹਕ ਵੱਲੋਂ ਖਰੀਦੀ ਵਸਤੂ ਉਸਦੇ ਦਿੱਤੇ ਪਤੇ 'ਤੇ ਪੁੱਜਣ ਤੱਕ ਉਸਨੂੰ ਉਡੀਕ ਕਰਨੀ ਪੈਂਦੀ ਹੈ ਅਤੇ ਕਈ ਵਾਰ ਕਈ-ਕਈ ਦਿਨ ਤੱਕ ਦਾ ਸਮਾਂ ਵੀ ਲੱਗ ਜਾਂਦਾ ਹੈ।

**(*ii*) ਗੁਣਵੱਤਾ ਦਾ ਖਤਰਾ (Unsure about the quality) :** ਜਦੋਂ ਗ੍ਰਾਹਕ ਕਿਸੇ ਦੁਕਾਨ ਤੋਂ ਵਸਤੂ ਲੈਂਦਾ ਹੈ ਤਾਂ ਉਹ ਮੌਕੇ 'ਤੇ ਵਸਤੂ ਦੀ ਗੁਣਵੱਤਾ ਜਾਂਚ ਸਕਦਾ ਹੈ। ਈ-ਕਾਮਰਸ ਰਾਹੀਂ ਜੋ ਵਸਤੂ ਖਰੀਦੀ ਜਾਂਦੀ ਹੈ, ਉਸਦੀ ਗੁਣਵੱਤਾ ਦਾ ਗ੍ਰਾਹਕ ਨੂੰ ਵਸਤੂ ਖਰੀਦਣ ਵੇਲੇ ਨਹੀਂ ਬਲਕਿ ਬਾਅਦ ਵਿੱਚ ਵਸਤੂ ਪ੍ਰਾਪਤ ਹੋਣ 'ਤੇ ਹੀ ਪਤਾ ਲੱਗਦਾ ਹੈ।

**(*iii*) ਸੁਰੱਖਿਆ ਦਾ ਖਤਰਾ (Security issues) :** ਈ-ਕਾਮਰਸ ਵੈੱਬਸਾਈਟਾਂ ਗ੍ਰਾਹਕਾਂ ਦੇ ਜ਼ਰੂਰੀ ਵੇਰਵੇ ਅਤੇ ਜਾਣਕਾਰੀਆਂ ਨੂੰ ਰਿਕਾਰਡ ਕਰ ਲੈਂਦੀਆਂ ਹਨ, ਜਿਹਨਾਂ ਨੂੰ ਸੁਰੱਖਿਅਤ ਰੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ। ਜੇਕਰ ਗ੍ਰਾਹਕ ਦੀ ਇਹ ਜਾਣਕਾਰੀ ਕਿਸੇ ਅਣ-ਅਧਿਕਾਰਤ ਵਿਅਕਤੀ ਜਾਂ ਸਮੂਹ ਨੂੰ ਹਾਸਿਲ ਹੋ ਜਾਵੇ ਤਾਂ ਗ੍ਰਾਹਕ ਨੂੰ ਭਾਰੀ ਵਿੱਤੀ ਜਾ ਨਿੱਜੀ ਨੁਕਸਾਨ ਹੋ ਸਕਦਾ ਹੈ। ਉਸਦੇ ਪੈਸੇ ਉਸਦੀ ਮਰਜ਼ੀ ਤੋਂ ਬਿਨਾਂ ਕਢਵਾਏ ਜਾ ਸਕਦੇ ਹਨ ਜਾਂ ਉਸਦੀ ਪਹਿਚਾਣ ਦੀ ਦੁਰਵਰਤੋਂ ਵੀ ਹੋ ਸਕਦੀ ਹੈ।

(*iv*) **ਖਰੀਦਣ ਤੋਂ ਪਹਿਲਾਂ ਅਸਲ ਜਾਂਚ ਅਸੰਭਵ (Not able to try before buy) :** ਕਿਸੇ ਵਸਤੂ ਨੂੰ ਆਨਲਾਈਨ ਖਰੀਦਣ ਸਮੇਂ ਉਸਦੀ ਜਾਂਚ ਕਰਨਾ ਮੁਸ਼ਕਿਲ ਹੈ। ਉਦਾਹਰਣ ਲਈ ਜੇਕਰ ਗ੍ਰਾਹਕ ਨੇ ਕੱਪੜੇ ਖਰੀਦਣੇ ਹਨ ਅਤੇ ਉਹ ਕਿਸੇ ਦੁਕਾਨ 'ਤੇ ਜਾ ਕੇ ਖਰੀਦਦਾ ਹੈ ਤਾਂ ਉਹ ਕੱਪੜੇ ਖਰੀਦਣ ਤੋਂ ਪਹਿਲਾਂ ਖੁਦ ਪਹਿਨ ਕੇ ਜਾਂਚ ਸਕਦਾ ਹੈ ਕਿ ਕੱਪੜੇ ਉਸ ਲਈ ਸਹੀ ਹਨ ਜਾਂ ਨਹੀਂ ਪ੍ਰੰਤੂ ਆਨਲਾਈਨ ਖਰੀਦਦਾਰੀ ਸਮੇਂ ਅਜਿਹਾ ਹੋਣਾ ਸੰਭਵ ਨਹੀਂ।

## 6.3 ਡਿਜੀਟਲ ਜਾਂ ਆਨਲਾਈਨ ਭੁਗਤਾਨ (Digital or Online Payment)

ਆਨਲਾਈਨ ਭੁਗਤਾਨ ਨੂੰ ਡਿਜੀਟਲ ਜਾਂ ਈ-ਪੇਮੈਂਟ ਜਾਂ ਇਲੈਕਟ੍ਰੋਨਿਕ ਪੇਮੈਂਟ ਵੀ ਕਿਹਾ ਜਾਂਦਾ ਹੈ। ਇਹ ਨਕਦੀ ਰਹਿਤ ਭੁਗਤਾਨ ਕਰਨ ਦਾ ਆਸਾਨ ਅਤੇ ਤੇਜ਼ ਤਰੀਕਾ ਹੈ, ਜਿਸ ਵਿੱਚ ਡਿਜੀਟਲ ਮਾਧਿਅਮ ਰਾਹੀਂ ਭੁਗਤਾਨ ਕੀਤਾ ਜਾਂਦਾ ਹੈ। ਇਸ ਵਿੱਚ ਭੁਗਤਾਨ ਕਰਨ ਵਾਲਾ ਅਤੇ ਪ੍ਰਾਪਤ ਕਰਨ ਵਾਲਾ, ਦੋਵੇਂ ਹੀ ਡਿਜੀਟਲ ਮਾਧਿਅਮ ਦੀ ਵਰਤੋਂ ਕਰਦੇ ਹਨ। ਅੱਜ ਦੇ ਸਮੇਂ ਵਿੱਚ ਆਨਲਾਈਨ ਭੁਗਤਾਨ ਕਰਨਾ ਪ੍ਰਚੱਲਤ ਢੰਗ ਬਣ ਚੁੱਕਾ ਹੈ। ਡਿਜੀਟਲ ਪੇਮੈਂਟ ਰਾਹੀਂ ਪੈਸੇ ਟ੍ਰਾਂਸਫਰ, ਵਸਤਾਂ ਦੀ ਖਰੀਦਦਾਰੀ, ਮੋਬਾਇਲ ਜਾਂ ਡਿਸ਼ ਰਿਚਾਰਜ, ਬਿਜਲੀ, ਪਾਣੀ ਜਾਂ ਮੋਬਾਇਲ ਬਿੱਲਾਂ ਦਾ ਭੁਗਤਾਨ ਆਦਿ ਆਸਾਨੀ ਨਾਲ ਅਤੇ ਤੁਰੰਤ ਕੀਤਾ ਜਾ ਸਕਦਾ ਹੈ।

### 6.3.1 ਆਨਲਾਈਨ ਭੁਗਤਾਨ ਦੇ ਢੰਗ (Methods of Online Payment)

i. ਕਰੈਡਿਟ ਕਾਰਡ (Credit Cards)
ii. ਡੈਬਿਟ ਕਾਰਡ (Debit Cards)
iii. ਈ-ਵਾਲੈਟ (E-Wallets)
iv. ਨੈੱਟਬੈਂਕਿੰਗ (Net Banking/ Banking Apps)
v. ਮੋਬਾਇਲ ਬੈਂਕਿੰਗ (Mobile Banking)
vi. ਭੀਮ ਐਪ (BHIM App)

(*i*) **ਕਰੈਡਿਟ ਕਾਰਡ (Credit Card) :** ਈ-ਪੇਮੈਂਟ ਦੇ ਇਸ ਢੰਗ ਵਿੱਚ, ਬੈਂਕਾਂ ਜਾਂ ਵਿੱਤੀ ਸੰਸਥਾਵਾਂ ਵੱਲੋਂ ਆਪਣੇ ਗ੍ਰਾਹਕਾਂ ਨੂੰ ਇੱਕ 'ਪਲਾਸਟਿਕ ਦਾ ਕਾਰਡ' ਜਾਰੀ ਕੀਤਾ ਜਾਂਦਾ ਹੈ, ਜਿਸਦਾ ਇੱਕ ਵਿਲੱਖਣ ਨੰਬਰ ਹੁੰਦਾ ਹੈ। ਇਸ ਵਿੱਚ ਇੱਕ ਮੈਗਨੈਟਿਕ ਸਟ੍ਰਿਪ (ਚੁੰਬਕੀ ਪੱਤੀ) ਲੱਗੀ ਹੁੰਦੀ ਹੈ, ਜਿਸ ਵਿੱਚ ਗੁਪਤ ਜਾਣਕਾਰੀ ਨੂੰ ਕੋਡ ਕੀਤਾ ਹੁੰਦਾ ਹੈ ਜੋ ਕਿ ਕਾਰਡ ਰੀਡਰਜ਼ ਦੀ ਮਦਦ ਨਾਲ ਹੀ ਪੜ੍ਹੀ ਜਾ ਸਕਦੀ ਹੈ।



ਚਿੱਤਰ 6.4

ਜਦੋਂ ਗ੍ਰਾਹਕ ਖਰੀਦਦਾਰੀ ਕਰਦਾ ਹੈ ਤਾਂ ਉਹ ਆਪਣੇ ਕਰੈਡਿਟ ਕਾਰਡ ਰਾਹੀਂ ਭੁਗਤਾਨ ਕਰਦਾ ਹੈ। ਜਿਸ ਬੈਂਕ ਜਾਂ ਵਿੱਤੀ ਸੰਸਥਾ ਵੱਲੋਂ ਇਹ ਕਾਰਡ ਜਾਰੀ ਕੀਤਾ ਹੁੰਦਾ ਹੈ, ਉਹ ਬੈਂਕ ਜਾਂ ਸੰਸਥਾ ਗ੍ਰਾਹਕ ਦੇ ਵੱਲੋਂ ਕੀਤੀ ਖਰੀਦਦਾਰੀ ਦਾ ਭੁਗਤਾਨ ਕਰਦੀ ਹੈ। ਗ੍ਰਾਹਕ ਵੱਲੋਂ ਤੈਅ ਸਮੇਂ ਦੇ ਅੰਦਰ ਬੈਂਕ ਵੱਲੋਂ ਕੀਤੀ ਗਈ ਅਦਾਇਗੀ ਦੀ ਰਕਮ ਵਾਪਿਸ ਕਰਨੀ ਹੁੰਦੀ ਹੈ। ਗ੍ਰਾਹਕ ਜਦੋਂ ਕਰੈਡਿਟ ਕਾਰਡ ਰਾਹੀਂ ਖਰੀਦਦਾਰੀ ਕਰਦਾ ਹੈ ਤਾਂ ਗ੍ਰਾਹਕ ਨੂੰ ਆਪਣਾ ਕਰੈਡਿਟ ਕਾਰਡ ਦੁਕਾਨਦਾਰ ਦੀ ਕਾਰਡ ਰੀਡਰ ਮਸ਼ੀਨ ਵਿੱਚ ਪਾਉਣ ਉਪਰੰਤ ਇੱਕ ਚਾਰ ਅੰਕਾਂ ਦਾ ਗੁਪਤ ਪਿੰਨ ਕੋਡ ਦਰਜ ਕਰਨਾ ਪੈਂਦਾ ਹੈ। ਭੁਗਤਾਨ ਕੇਵਲ ਉਦੋਂ ਹੀ ਹੋ ਸਕੇਗਾ ਜੇਕਰ ਗੁਪਤ ਪਿੰਨ ਕੋਡ ਸਹੀ ਦਰਜ ਕੀਤਾ ਗਿਆ ਹੋਵੇ। ਗ੍ਰਾਹਕ ਨੂੰ ਆਪਣਾ ਇਹ ਪਿੰਨ ਕੋਡ ਗੁਪਤ ਹੀ ਰੱਖਣਾ ਚਾਹੀਦਾ ਹੈ ਤਾਂ ਜੋ ਉਸਦੇ ਕਾਰਡ ਦੀ ਦੁਰਵਰਤੋਂ ਨਾ ਹੋ ਸਕੇ।

(*ii*) **ਡੈਬਿਟ ਕਾਰਡ (Debit Card) :** ਡੈਬਿਟ ਕਾਰਡ, ਕਰੈਡਿਟ ਕਾਰਡ ਦੀ ਹੀ ਤਰ੍ਹਾਂ ਦਾ ਇੱਕ ਪਲਾਸਟਿਕ ਦਾ ਕਾਰਡ ਹੁੰਦਾ ਹੈ। ਉਸੇ ਤਰ੍ਹਾਂ ਇਸਦਾ ਇੱਕ ਵਿਲੱਖਣ ਨੰਬਰ, ਮੈਗਨੈਟਿਕ ਸਟ੍ਰਿਪ (ਚੁੰਬਕੀ ਪੱਤੀ) ਹੁੰਦੀ ਹੈ ਅਤੇ ਇਸ ਵਿੱਚ ਗੁਪਤ ਜਾਣਕਾਰੀ ਕੋਡ ਕੀਤੀ ਹੁੰਦੀ ਹੈ। ਇਸਨੂੰ ਵੀ ਕਾਰਡ ਰੀਡਰ ਦੇ ਰਾਹੀਂ ਹੀ ਪੜ੍ਹਿਆ ਜਾ ਸਕਦਾ ਹੈ ਅਤੇ ਇਸਦੀ ਵਰਤੋਂ ਕਰਨ ਸਮੇਂ ਵੀ ਉਸੇ ਪ੍ਰਕਾਰ ਚਾਰ ਅੰਕਾਂ ਦਾ ਗੁਪਤ ਪਿੰਨ ਕੋਡ ਗ੍ਰਾਹਕ ਵੱਲੋਂ ਕਾਰਡ ਰੀਡਰ ਵਿੱਚ ਦਰਜ ਕਰਨਾ



ਚਿੱਤਰ 6.5

ਪੈਂਦਾ ਹੈ। ਡੈਬਿਟ ਕਾਰਡ ਦਾ ਕਰੈਡਿਟ ਕਾਰਡ ਨਾਲੋਂ ਫਰਕ ਇਹ ਹੈ ਕਿ ਜਿਸ ਬੈਂਕ ਜਾਂ ਵਿੱਤੀ ਸੰਸਥਾ ਵੱਲੋਂ ਇਹ ਜ਼ਾਰੀ ਕੀਤਾ ਜਾਂਦਾ ਹੈ, ਉਸ ਬੈਂਕ ਜਾਂ ਵਿੱਤੀ ਸੰਸਥਾ ਵਿੱਚ ਗ੍ਰਾਹਕ ਦੇ ਖਾਤੇ ਵਿੱਚ ਲੋੜੀਂਦੀ ਰਾਸ਼ੀ ਜਮ੍ਹਾ ਹੋਣੀ ਚਾਹੀਦੀ ਹੈ। ਜਦੋਂ ਗ੍ਰਾਹਕ ਡੈਬਿਟ ਕਾਰਡ ਰਾਹੀਂ ਭੁਗਤਾਨ ਕਰਦਾ ਹੈ ਤਾਂ ਭੁਗਤਾਨ ਦੀ ਰਾਸ਼ੀ ਗ੍ਰਾਹਕ ਦੇ ਖਾਤੇ ਵਿੱਚ ਜਮ੍ਹਾ ਰਾਸ਼ੀ ਵਿੱਚੋਂ ਤੁਰੰਤ ਕੱਟ ਲਈ ਜਾਂਦੀ ਹੈ। ਡੈਬਿਟ ਕਾਰਡ ਪ੍ਰਾਪਤ ਕਰਨ ਤੋਂ ਪਹਿਲਾਂ ਗ੍ਰਾਹਕ ਦਾ ਬੈਂਕ ਵਿੱਚ ਖਾਤਾ ਹੋਣਾ ਲਾਜ਼ਮੀ ਹੈ।

**(*iii*) ਈ-ਵਾਲੇਟ (E-Wallets) :** ਭੁਗਤਾਨ ਦੀ ਇਸ ਵਿਧੀ ਵਿੱਚ ਡਿਜੀਟਲ ਪੇਮੈਂਟ ਐਪਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਐਪਸ ਗ੍ਰਾਹਕ ਦੇ ਕਰੈਡਿਟ, ਡੈਬਿਟ ਕਾਰਡ ਜਾਂ ਬੈਂਕ ਖਾਤੇ ਦੀ ਸੂਚਨਾ ਨੂੰ ਸਟੋਰ ਕਰਦੀਆਂ ਹਨ ਤਾਂ ਜੋ ਆਸਾਨੀ ਨਾਲ ਭੁਗਤਾਨ ਕੀਤਾ ਜਾ ਸਕੇ। ਈ-ਵਾਲੇਟ ਤੁਹਾਡੇ ਜੇਬ ਜਾਂ ਹੱਥ ਵਿਚਲੇ ਪਰਸ (ਵਾਲੇਟ) ਦਾ ਹੀ ਬਦਲ (ਵਿਕਲਪ) ਹੈ। ਗ੍ਰਾਹਕ ਆਪਣੇ ਈ-ਵਾਲੇਟ ਵਿੱਚ, ਆਪਣੇ ਕਰੈਡਿਟ ਜਾਂ ਡੈਬਿਟ ਕਾਰਡ ਰਾਹੀਂ ਪੈਸੇ ਟ੍ਰਾਂਸਫਰ ਕਰਕੇ, ਭਵਿੱਖ ਵਿੱਚ ਵਰਤੋਂ ਲਈ ਜਮ੍ਹਾਂ ਰੱਖ ਸਕਦਾ ਹੈ। ਈ-ਵਾਲੇਟ ਦੀ ਵਰਤੋਂ ਲਈ ਇੱਕ ਵਿਲੱਖਣ ਯੂਜ਼ਰ ਨੇਮ ਅਤੇ ਪਾਸਵਰਡ ਵਰਤਿਆ ਜਾਂਦਾ ਹੈ, ਤਾਂ ਜੋ ਈ-ਵਾਲੇਟ ਦੀ ਵਰਤੋਂ ਸੁਰੱਖਿਅਤ ਢੰਗ ਨਾਲ ਹੋ ਸਕੇ। ਈ-ਵਾਲੇਟ ਐਪਸ ਦੀ ਉਦਾਹਰਨ : PayTm, Google Pay ਆਦਿ ਹਨ।

**(*iv*) ਨੈੱਟਬੈਂਕਿੰਗ/ਬੈਂਕਿੰਗ ਐਪਸ (NetBanking / Banking Apps) :** ਨੈੱਟਬੈਂਕਿੰਗ ਨੂੰ ਇੰਟਰਨੈੱਟ ਬੈਂਕਿੰਗ ਵੀ ਕਿਹਾ ਜਾਂਦਾ ਹੈ। ਇਸ ਸਹੂਲਤ ਨਾਲ ਬੈਂਕਾਂ ਦੇ ਪੁਰਾਣੇ ਕੰਮਕਾਜ ਦੇ ਢੰਗ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ ਹੈ। ਪਹਿਲਾਂ ਗ੍ਰਾਹਕ ਨੂੰ ਆਪਣੇ ਬੈਂਕ ਨਾਲ ਸੰਬੰਧਤ ਹਰ ਤਰ੍ਹਾਂ ਦੇ ਕੰਮ-ਕਾਰ ਲਈ ਸੰਬੰਧਤ ਬੈਂਕ ਸ਼ਾਖਾ ਵਿੱਚ ਖੁਦ ਜਾਣਾ ਪੈਂਦਾ ਸੀ। ਪ੍ਰੰਤੂ ਨੈੱਟਬੈਂਕਿੰਗ ਦੀ ਸਹੂਲਤ ਲੈਣ ਤੋਂ ਬਾਅਦ ਗ੍ਰਾਹਕ ਘਰ ਬੈਠੇ ਆਪਣੇ ਬੈਂਕ ਖਾਤੇ ਦੀ ਸਟੇਟਮੈਂਟ, ਪੈਸਿਆਂ ਦਾ ਲੈਣ-ਦੇਣ, ਭੁਗਤਾਨ, ਬੱਚਤ ਸਕੀਮਾਂ ਵਿੱਚ ਪੈਸੇ ਟ੍ਰਾਂਸਫਰ ਕਰਨਾ ਆਦਿ ਆਸਾਨੀ ਨਾਲ ਕਰ ਸਕਦਾ ਹੈ। ਇਸ ਨਾਲ ਗ੍ਰਾਹਕ ਆਪਣੇ ਬੈਂਕ ਖਾਤੇ ਦੀ ਵਰਤੋਂ ਕਦੇ ਵੀ ਅਤੇ ਕਿਤੇ ਵੀ ਕਰ ਸਕਦਾ ਹੈ ਭਾਵ ਸਮੇਂ ਅਤੇ ਜਗ੍ਹਾ ਦੀ ਕੋਈ ਪਾਬੰਦੀ ਨਹੀਂ ਰਹਿ ਜਾਂਦੀ। ਇਸਦੇ ਲਈ ਗ੍ਰਾਹਕ ਸੰਬੰਧਤ ਬੈਂਕ, ਜਿਸ ਵਿੱਚ ਉਸਦਾ ਖਾਤਾ ਹੈ, ਦੀ ਸ਼ਾਖਾ ਵਿੱਚ ਜਾ ਕੇ ਇੰਟਰਨੈੱਟ ਬੈਂਕਿੰਗ ਦੀ ਸਹੂਲਤ ਲੈਣ ਲਈ ਬਿਨੈ-ਫਾਰਮ ਭਰ ਕੇ ਦਿੰਦਾ ਹੈ ਅਤੇ ਸੰਬੰਧਤ ਬੈਂਕ ਵੱਲੋਂ ਗ੍ਰਾਹਕ ਨੂੰ ਨੈੱਟਬੈਂਕਿੰਗ ਦੀ ਵਰਤੋਂ ਲਈ ਇੱਕ ਵਿਲੱਖਣ ਯੂਜ਼ਰ ਨੇਮ ਅਤੇ ਪਾਸਵਰਡ ਜਾਰੀ ਕੀਤਾ ਜਾਂਦਾ ਹੈ ਜੋ ਕਿ ਬਹੁਤ ਹੀ ਅਹਿਮ ਹੁੰਦਾ ਹੈ ਅਤੇ ਗ੍ਰਾਹਕ ਨੂੰ ਇਹ ਜਾਣਕਾਰੀ ਬਹੁਤ ਧਿਆਨ ਨਾਲ ਸਾਂਭ ਕੇ ਰੱਖਣੀ ਚਾਹੀਦੀ ਹੈ। ਇਸਦੀ ਵਰਤੋਂ ਵੀ ਬਹੁਤ ਧਿਆਨ ਨਾਲ ਅਤੇ ਪੂਰੇ ਸੁਚੇਤ ਹੋ ਕੇ ਕਰਨੀ ਚਾਹੀਦੀ ਹੈ। ਜੇਕਰ ਗ੍ਰਾਹਕ ਦਾ ਨੈੱਟਬੈਂਕਿੰਗ ਯੂਜ਼ਰ ਨੇਮ ਅਤੇ ਪਾਸਵਰਡ ਕਿਸੇ ਅਣ-ਅਧਿਕਾਰਿਤ ਵਿਅਕਤੀ ਨੂੰ ਪਤਾ ਲੱਗ ਜਾਵੇ ਤਾਂ ਗ੍ਰਾਹਕ ਦੇ ਖਾਤੇ ਵਿੱਚਲੀ ਰਕਮ ਚੋਰੀ ਹੋ ਸਕਦੀ ਹੈ। ਸੋ ਬੈਂਕ ਵੱਲੋਂ ਵੀ ਗ੍ਰਾਹਕ ਨੂੰ ਨੈੱਟਬੈਂਕਿੰਗ ਦੀ ਵਰਤੋਂ ਬਹੁਤ ਧਿਆਨ ਨਾਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।




ਚਿੱਤਰ 6.6

**(*v*) ਮੋਬਾਇਲ ਬੈਂਕਿੰਗ (Mobile Banking) :** ਮੋਬਾਇਲ ਬੈਂਕਿੰਗ ਤੋਂ ਭਾਵ ਬੈਂਕਾਂ ਦੁਆਰਾ ਆਪਣੇ ਗ੍ਰਾਹਕਾਂ ਨੂੰ ਦਿੱਤੀ ਜਾਣ ਵਾਲੀ ਉਹ ਸਹੂਲਤ ਹੈ, ਜਿਸ ਵਿੱਚ ਗ੍ਰਾਹਕ ਆਪਣੇ ਬੈਂਕ ਖਾਤੇ ਬਾਰੇ ਜਾਣਕਾਰੀ ਜਿਵੇਂ ਕਿ ਮਿੰਨੀ ਸਟੇਟਮੈਂਟ, ਬਕਾਇਆ ਰਾਸ਼ੀ ਆਦਿ ਦੀ ਜਾਣਕਾਰੀ ਮੋਬਾਇਲ ਤੋਂ SMS (Short Message Service) ਰਾਹੀਂ ਲੈ ਸਕਦਾ ਹੈ। ਇਸਦੇ ਲਈ ਬੈਂਕਾਂ ਵੱਲੋਂ ਆਪਣੇ ਨੰਬਰ ਦਿੱਤੇ ਹੁੰਦੇ ਹਨ, ਜਿਸ 'ਤੇ ਗ੍ਰਾਹਕ ਇੱਕ ਖਾਸ ਫਾਰਮੈਟ ਵਿੱਚ SMS ਭੇਜਦਾ ਹੈ ਅਤੇ ਉਸਦੇ ਭੇਜੇ ਫਾਰਮੈਟ ਅਨੁਸਾਰ ਮੰਗੀ ਜਾਣਕਾਰੀ ਗ੍ਰਾਹਕ ਦੇ ਮੋਬਾਇਲ 'ਤੇ SMS ਰਾਹੀਂ ਪ੍ਰਾਪਤ ਹੋ ਜਾਂਦੀ ਹੈ। ਇਸ ਸਹੂਲਤ ਬਦਲੇ ਬੈਂਕ ਆਪਣੇ ਗ੍ਰਾਹਕ ਤੋਂ ਖਰਚਾ ਰਾਸ਼ੀ (ਚਾਰਜਸ) ਵੀ ਵਸੂਲਦੇ ਹਨ।

*(vi)* **BHIM App (Bharat Interface for Money) :** BHIM (Bharat Interface for Money) ਇੱਕ ਮੋਬਾਇਲ ਐਪਲੀਕੇਸ਼ਨ ਹੈ ਜੋ ਕਿ National Payment Corporation of India (NPCI) ਦੁਆਰਾ ਤਿਆਰ ਕੀਤੀ ਗਈ ਹੈ ਅਤੇ Unified Payment Interface (UPI) 'ਤੇ ਅਧਾਰਤ ਹੈ। ਇਹ ਭੁਗਤਾਨ ਕਰਨ ਦਾ ਇੱਕ ਸਧਾਰਨ, ਆਸਾਨ ਅਤੇ ਤੇਜ਼ ਤਰੀਕਾ ਹੈ, ਜਿਸਦੇ ਲਈ ਸੰਬੰਧਤ ਵਿਅਕਤੀ ਦੇ UPI ID ਦੀ ਵਰਤੋਂ ਕਰਕੇ ਜਾਂ QR Code ਸਕੈਨ ਦੀ ਵਰਤੋਂ ਕਰਕੇ ਭੁਗਤਾਨ ਕੀਤਾ ਜਾਂਦਾ ਹੈ। ਇਸਦੀ ਵਰਤੋਂ ਨਾਲ ਪੈਸੇ ਭੇਜੇ ਜਾਂ ਪ੍ਰਾਪਤ ਕੀਤੇ ਜਾ ਸਕਦੇ ਹਨ, ਬਿੱਲਾਂ ਦਾ ਭੁਗਤਾਨ ਕੀਤਾ ਜਾ ਸਕਦਾ ਹੈ, ਹਵਾਈ ਜਹਾਜ਼ ਦੀਆਂ ਸੀਟਾਂ ਬੁੱਕ ਕੀਤੀਆਂ ਜਾ ਸਕਦੀਆਂ ਹਨ, ਮੋਬਾਇਲ ਜਾਂ ਡਿਸ਼ ਰਿਚਾਰਜ ਕੀਤੇ ਜਾ ਸਕਦੇ ਹਨ।

BHARAT INTERFACE FOR MONEY

Now send & receive money
instantly using your mobile.

ਚਿੱਤਰ 6.7

ਚਿੱਤਰ 6.8

## 6.3.2 ਆਨਲਾਈਨ ਭੁਗਤਾਨ ਦੇ ਲਾਭ (Benefits of Online Payment)

*(i)* **ਆਸਾਨ ਅਤੇ ਸੁਵਿਧਾਜਨਕ :** ਪੈਸਿਆਂ ਦਾ ਲੈਣ-ਦੇਣ ਕਰਨ ਲਈ ਆਨਲਾਈਨ ਭੁਗਤਾਨ ਬਹੁਤ ਹੀ ਆਸਾਨ ਅਤੇ ਸੁਵਿਧਾਜਨਕ ਢੰਗ ਹੈ। ਇਸ ਸਹੂਲਤ ਕਾਰਨ ਹੁਣ ਆਪਣੀ ਜੇਬ ਵਿੱਚ ਜ਼ਿਆਦਾ ਨਕਦੀ ਰੱਖਣ ਦੀ ਲੋੜ ਨਹੀਂ ਰਹੀ।

*(ii)* **ਕਦੋਂ ਵੀ ਅਤੇ ਕਿਧਰੋਂ ਵੀ ਪੈਸਿਆਂ ਦਾ ਲੈਣ-ਦੇਣ :** ਹੁਣ ਅਸੀਂ ਕਦੋਂ ਵੀ ਅਤੇ ਕਿਧਰੋਂ ਵੀ ਆਸਾਨੀ ਨਾਲ ਪੈਸਿਆਂ ਦਾ ਆਦਾਨ-ਪ੍ਰਦਾਨ ਬਹੁਤ ਹੀ ਆਸਾਨੀ ਨਾਲ, ਡਿਜੀਟਲ ਭੁਗਤਾਨ ਦੇ ਵੱਖੋ-ਵੱਖਰੇ ਢੰਗਾਂ ਰਾਹੀਂ ਕਰ ਸਕਦੇ ਹਾਂ।

*(iii)* **ਡਿਜੀਟਲ ਭੁਗਤਾਨ ਨਾਲ ਬੱਚਤ :** ਸਰਕਾਰ ਵੱਲੋਂ ਡਿਜੀਟਲ ਭੁਗਤਾਨ ਨੂੰ ਪ੍ਰੋਤਸਾਹਿਤ ਕਰਨ ਲਈ, ਡਿਜੀਟਲ ਭੁਗਤਾਨ 'ਤੇ ਕਈ ਤਰ੍ਹਾਂ ਦੀਆਂ ਰਾਹਤਾਂ ਦਿੱਤੀਆਂ ਜਾਂਦੀਆਂ ਹਨ ਜਿਸ ਨਾਲ ਸਾਡੇ ਵੱਲੋਂ ਕੀਤੇ ਭੁਗਤਾਨ ਦੀ ਕੁੱਝ ਪ੍ਰਤੀਸ਼ਤ ਰਾਸ਼ੀ ਸਾਡੇ ਖਾਤੇ ਵਿੱਚ ਵਾਪਿਸ ਆ ਜਾਂਦੀ ਹੈ।

## 6.4 ਈ-ਲਰਨਿੰਗ (E-Learning)

ਈ-ਲਰਨਿੰਗ ਨੂੰ ਇਲੈਕਟ੍ਰੋਨਿਕ ਲਰਨਿੰਗ, ਆਨਲਾਈਨ ਲਰਨਿੰਗ ਜਾਂ ਆਨਲਾਈਨ ਐਜੂਕੇਸ਼ਨ ਵੀ ਕਿਹਾ ਜਾਂਦਾ ਹੈ। ਇਸ ਤੋਂ ਭਾਵ ਹੈ ਕਿ ਆਨਲਾਈਨ ਸਿੱਖਿਆ ਪ੍ਰਾਪਤ ਕਰਨਾ। ਇਹ ਸਿੱਖਿਆ ਪ੍ਰਾਪਤ ਕਰਨ ਦਾ ਆਸਾਨ ਅਤੇ ਆਰਾਮਦਾਇਕ ਤਰੀਕਾ ਹੈ, ਜਿਸ ਵਿੱਚ ਸਿੱਖਿਆਰਥੀ ਆਨਲਾਈਨ ਉਪਲੱਬਧ ਬਹੁ-ਗਿਣਤੀ ਕੋਰਸਾਂ ਵਿੱਚੋਂ ਆਪਣੀ ਪਸੰਦ ਅਨੁਸਾਰ ਚੁਣੇ ਹੋਏ ਕੋਰਸ ਦੀ ਪੜ੍ਹਾਈ ਘਰ ਬੈਠੇ ਹੀ ਕਰ ਸਕਦਾ ਹੈ। ਨੌਕਰੀ ਪੇਸ਼ਾ ਲੋਕਾਂ ਅਤੇ ਦੂਰ-ਦੁਰਾਡੇ ਵਸਦੇ ਉਹਨਾਂ ਲੋਕਾਂ, ਜਿਹਨਾਂ ਦੇ ਨਜ਼ਦੀਕ ਵਿੱਦਿਅਕ ਸੰਸਥਾਵਾਂ ਮੌਜੂਦ ਨਹੀਂ ਹਨ, ਦੇ ਲਈ ਇਹ ਸਿੱਖਣ ਪ੍ਰਣਾਲੀ ਇੱਕ ਵਰਦਾਨ ਦੀ ਤਰ੍ਹਾਂ ਸਾਬਿਤ ਹੋਈ ਹੈ। ਇਸ ਪ੍ਰਣਾਲੀ ਰਾਹੀਂ ਭੂਗੋਲਿਕ ਦੂਰੀ ਦੀ ਪਾਬੰਦੀ ਖਤਮ ਹੋ ਗਈ ਹੈ। ਸਿੱਖਿਆਰਥੀ ਦੇਸ਼-ਵਿਦੇਸ਼ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵੀ ਆਨਲਾਈਨ ਵਿਧੀ ਰਾਹੀਂ ਦਾਖਲਾ ਲੈਕੇ, ਆਪਣੇ ਘਰ ਬੈਠੇ ਹੀ ਗਿਆਨ ਹਾਸਿਲ ਕਰ ਸਕਦੇ ਹਨ। ਪ੍ਰੀਖਿਆ ਵੀ ਆਨਲਾਈਨ ਹੀ ਦਿੱਤੀ ਜਾਂਦੀ ਹੈ ਅਤੇ ਸਫਲ ਹੋਣ ਉਪਰੰਤ ਸੰਬੰਧਤ ਕੋਰਸ ਦਾ ਸਰਟੀਫਿਕੇਟ ਵੀ ਵਿਅਕਤੀ ਦੇ ਦਿੱਤੇ ਪਤੇ 'ਤੇ ਭੇਜ ਦਿੱਤਾ ਜਾਂਦਾ ਹੈ ਜੋ ਕਿ ਸੰਬੰਧਤ ਸੰਸਥਾਵਾਂ ਦੀਆਂ ਵੈੱਬਸਾਈਟਾਂ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਪ੍ਰਣਾਲੀ ਵਿੱਚ ਸੰਬੰਧਤ ਸੰਸਥਾ ਸਿੱਖਿਆਰਥੀ ਨੂੰ ਪੜ੍ਹਾਈ ਨਾਲ ਸੰਬੰਧਤ ਸਮੱਗਰੀ ਜਿਵੇਂ ਕਿ ਈ-ਬੁੱਕਸ, ਵੀਡੀਓ ਜਾਂ ਆਡੀਓ ਲੈਕਚਰ, ਪ੍ਰੈਜ਼ੈਨਟੇਸ਼ਨਜ਼ ਆਦਿ ਆਨਲਾਈਨ ਹੀ ਮੁਹੱਈਆ ਕਰਵਾਉਂਦੀ ਹੈ ਜਿਹਨਾਂ ਨੂੰ ਸਿੱਖਿਆਰਥੀ ਆਪਣੇ ਕੰਪਿਊਟਰ ਵਿੱਚ ਡਾਊਨਲੋਡ ਕਰਕੇ ਇਹਨਾਂ ਰਾਹੀਂ ਸੰਬੰਧਤ ਕੋਰਸ ਦੀ ਸਿੱਖਿਆ ਹਾਸਿਲ ਕਰਦਾ ਹੈ।

**ਕੁੱਝ ਮਹੱਤਵਪੂਰਨ ਪ੍ਰਚਲਿਤ ਈ-ਲਰਨਿੰਗ ਟੂਲਜ਼ ਹੇਠਾਂ ਦਿੱਤੇ ਗਏ ਹਨ:**

1. MOOCs
2. SWAYAM
3. SWAYAM PRABHA
4. PSEB E-Books

**(*i*) MOOCs (Massive Open Online Courses) :** MOOCs (Massive Open Online Courses) ਤਕਨੀਕ ਭਾਰਤ ਵਿੱਚ ਕੰਮ-ਕਾਜੀ ਲੋਕਾਂ ਅਤੇ ਵਿਦਿਆਰਥੀਆਂ ਵਿੱਚ ਕਾਫੀ ਪ੍ਰਸਿੱਧੀ ਹਾਸਿਲ ਕਰ ਰਹੀ ਹੈ। ਇਸ ਨਾਲ ਸਿੱਖਿਆਰਥੀ ਆਪਣੀ ਸਹੂਲਤ ਅਨੁਸਾਰ ਕਿਸੇ ਵੀ ਸਮੇਂ ਪੜ੍ਹਾਈ ਕਰ ਸਕਦੇ ਹਨ। ਇਸ ਵਿੱਚ ਵੱਡੀ ਗਿਣਤੀ ਵਿੱਚ ਆਨਲਾਈਨ ਕੋਰਸ ਮੁਹੱਈਆ ਕਰਵਾਏ ਜਾਂਦੇ ਹਨ ਅਤੇ ਸਿੱਖਿਆਰਥੀ ਆਪਣੀ ਰੁਚੀ ਅਨੁਸਾਰ ਕੋਰਸ ਦੀ ਚੋਣ ਕਰਕੇ, ਮੁਹੱਈਆ ਕਰਵਾਈ ਗਈ ਸਿੱਖਣ ਸਮੱਗਰੀ ਰਾਹੀਂ ਪੜ੍ਹ ਸਕਦੇ ਹਨ। ਇਹ ਕੋਰਸ www.mooc.org, www.edx.org ਰਾਹੀਂ ਉਪਲੱਬਧ ਹਨ।

**(*ii*) SWAYAM (Study Webs of Active-Learning for Young Aspiring Minds) :** ਇਹ ਆਨਲਾਈਨ ਸਿੱਖਣ ਪ੍ਰਣਾਲੀ, ਮਨੁੱਖੀ ਸੰਸਾਧਨ ਵਿਕਾਸ ਮੰਤਰਾਲੇ ਵੱਲੋਂ ਚਲਾਈ ਜਾ ਰਹੀ ਹੈ ਜਿਸਦਾ ਪੂਰਾ ਨਾਂ Study Webs of Active-Learning for Young Aspiring Minds ਹੈ। ਇਹ ਵੀ MOOCs ਦੀ ਤਰ੍ਹਾਂ ਹੀ ਸਿੱਖਿਆਰਥੀਆਂ ਨੂੰ ਵੱਡੀ ਗਿਣਤੀ ਆਨਲਾਈਨ ਕੋਰਸ ਮੁਹੱਈਆ ਕਰਵਾਉਂਦੀ ਹੈ। ਇਹ ਪ੍ਰੋਗਰਾਮ ਸਕੂਲਾਂ ਅਤੇ ਕਾਲਜਾਂ ਨੂੰ ਵੀ ਆਪਣੀਆਂ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ ਅਤੇ ਇਸਦੇ ਲਈ ਇੰਟਰਨੈੱਟ ਅਤੇ ਸੈਟੇਲਾਇਟ ਦੀ ਸਹਾਇਤਾ ਲਈ ਜਾਂਦੀ ਹੈ। ਇਸ ਵਿੱਚ ਵੀ ਸਿੱਖਣ ਸਹਾਇਕ ਸਮੱਗਰੀ ਆਨਲਾਇਨ ਅਤੇ ਮੁਫਤ ਵਿੱਚ ਉਪਲੱਬਧ ਕਰਵਾਈ ਜਾਂਦੀ ਹੈ। ਇਸ ਵਿੱਚ 9ਵੀਂ ਤੋਂ ਲੈ ਕੇ ਪੋਸਟ-ਗ੍ਰੈਜੁਏਸ਼ਨ ਤੱਕ ਦੇ ਕੋਰਸ ਉਪਲੱਬਧ ਹਨ। ਇਸਦੀ ਵਰਤੋਂ ਕਰਨ ਲਈ ਗੂਗਲ ਪਲੇ-ਸਟੋਰ ਤੋਂ SWAYAM Application ਡਾਊਨਲੋਡ ਕਰਕੇ ਜਾਂ https://swayam.gov.in 'ਤੇ ਆਨਲਾਇਨ ਜਾ ਕੇ ਕੀਤੀ ਜਾ ਸਕਦੀ ਹੈ।

**(*iii*) SWAYAM PRABHA :** SWAYAM PRABHA, 32 DTH ਚੈਨਲਾਂ ਦਾ ਇੱਕ ਸਮੂਹ ਹੈ, ਜੋ ਕਿ ਉੱਚ-ਕੁਆਲਟੀ ਸਿੱਖਿਆ ਪ੍ਰੋਗਰਾਮ GSAT-15 ਸੈਟੇਲਾਇਟ ਰਾਹੀਂ ਰੋਜ਼ਾਨਾ 24 X 7 ਟੈਲੀਕਾਸਟ (ਪ੍ਰਸਾਰਿਤ) ਕਰਦਾ ਹੈ। ਰੋਜ਼ਾਨਾ ਘੱਟੋ-ਘੱਟ 4 ਨਵੇਂ ਵਿਸ਼ਾ-ਵਸਤੂ ਟੈਲੀਕਾਸਟ ਕੀਤੇ ਜਾਂਦੇ ਹਨ ਜੋ ਕਿ 5 ਵਾਰ ਰੋਜ਼ਾਨਾ ਵੱਖ-ਵੱਖ ਸਮੇਂ 'ਤੇ ਦੋਬਾਰਾ ਟੈਲੀਕਾਸਟ ਹੁੰਦੇ ਹਨ ਤਾਂ ਜੋ ਵਿਦਿਆਰਥੀ ਆਪਣੀ ਸਹੂਲਤ ਅਨੁਸਾਰ ਸਮੇਂ ਦੀ ਚੋਣ ਕਰਕੇ ਇਹਨਾਂ ਦਾ ਲਾਭ ਲੈ ਸਕਣ। ਇਹਨਾਂ ਵਿੱਚ ਵਿਸ਼ਾ-ਵਸਤੂ NPTEL, IITs, UGC, CEC, IGNOU, NCERT ਅਤੇ NIOS ਵੱਲੋਂ ਮੁਹੱਈਆ ਕੀਤੇ ਜਾਂਦੇ ਹਨ। SWAYAM PRABHA ਵੈੱਬ ਪੋਰਟਲ ਦਾ ਪ੍ਰਬੰਧ ਅਤੇ ਦੇਖ-ਰੇਖ INFLIBNET Center ਵੱਲੋਂ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਤਹਿਤ ਹਾਇਰ ਅਤੇ ਸੈਕੰਡਰੀ ਐਜੂਕੇਸ਼ਨ, ਵੱਖ-ਵੱਖ ਕੰਪੀਟੀਟਿਵ ਟੈਸਟ ਦੀ ਤਿਆਰੀ ਆਦਿ ਲਈ ਵਿਸ਼ਾ-ਵਸਤੂ ਟੈਲੀਕਾਸਟ ਹੁੰਦੇ ਹਨ।

## 6.5 ਨੈਸ਼ਨਲ ਅਕੈਡਮਿਕ ਡਿਪੋਜ਼ਟਰੀ (National Academic Depository) [NAD]

NAD (National Academic Depository) ਦਾ ਮਕਸਦ ਕਿਸੇ ਵਿਅਕਤੀ ਜਾਂ ਵਿਦਿਆਰਥੀ ਨੂੰ ਉਸਦੇ ਸਾਰੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਅਤੇ ਦਸਤਾਵੇਜ਼ਾਂ ਨੂੰ ਇੱਕ ਸੁਰੱਖਿਅਤ ਜਗ੍ਹਾ 'ਤੇ ਸਟੋਰ ਕਰਨ ਦੀ ਸਹੂਲਤ ਦੇਣਾ ਹੈ। ਇਹ ਸਹੂਲਤ 24X7 ਆਨਲਾਈਨ ਉਪਲੱਬਧ ਰਹਿੰਦੀ ਹੈ। ਇਸ ਨਾਲ ਵਿਅਕਤੀ ਜਿੱਥੇ ਆਪਣੇ ਦਸਤਾਵੇਜ਼ਾਂ ਨੂੰ ਸਕੈਨ ਕਰਕੇ ਡਿਜੀਟਲ ਤੌਰ 'ਤੇ ਹਮੇਸ਼ਾ ਲਈ ਸਟੋਰ ਕਰਕੇ ਰੱਖ ਸਕਦਾ ਹੈ, ਉੱਥੇ ਹੀ ਲੋੜ ਪੈਣ 'ਤੇ ਇਸ ਤੋਂ ਆਪਣਾ ਲੋੜੀਂਦਾ ਦਸਤਾਵੇਜ਼ ਡਾਊਨਲੋਡ ਕਰਕੇ ਵਰਤ ਵੀ ਸਕਦਾ ਹੈ।

ਇਸ ਰਾਹੀਂ ਵਿਅਕਤੀ ਆਪਣੇ ਦਸਤਾਵੇਜ਼ਾਂ ਦੀ ਵੈਧਤਾ ਅਤੇ ਪੜਤਾਲ ਆਨਲਾਈਨ ਹੀ ਸੰਬੰਧਤ ਬੋਰਡ ਜਾਂ ਯੂਨੀਵਰਸਿਟੀ ਤੋਂ ਕਰਵਾ ਸਕਦਾ ਹੈ ਜਿਸ ਨਾਲ ਜਦੋਂ ਵੀ ਵਿਅਕਤੀ ਆਪਣੇ ਦਸਤਾਵੇਜ਼ ਡਾਊਨਲੋਡ ਕਰੇਗਾ, ਉਹ ਦਸਤਾਵੇਜ਼ ਡਿਜੀਟਲੀ ਸਾਇਨ ਹੋਏ ਹੁੰਦੇ ਹਨ ਅਤੇ ਵਿਅਕਤੀ ਨੂੰ ਆਪਣੇ ਅਸਲ ਦਸਤਾਵੇਜ਼ ਨਾਲ ਲਿਜਾਣ ਜਾਂ ਦਿਖਾਉਣ ਦੀ ਲੋੜ ਨਹੀਂ ਰਹਿੰਦੀ।

## 6.6 ਡਿਜੀਲਾਕਰ (Digilocker)




ਚਿੱਤਰ 6.9

DigiLocker ਦਾ ਉਦੇਸ਼ ਪੇਪਰ-ਮੁਕਤ ਸੇਵਾ ਮੁਹੱਈਆਂ ਕਰਨਾ ਹੈ। ਇਸ ਨਾਲ ਆਨਲਾਇਨ ਦਸਤਾਵੇਜ਼ ਜਾਰੀ ਅਤੇ ਵੈਰੀਫਾਈ ਕੀਤੇ ਜਾਂਦੇ ਹਨ। ਭਾਰਤੀ ਨਾਗਰਿਕ ਜੋ ਇਸ ਆਨਲਾਈਨ ਸੁਵਿਧਾ ਲਈ ਰਜਿਸਟ੍ਰੇਸ਼ਨ ਕਰਦੇ ਹਨ, ਉਹਨਾਂ ਨੂੰ ਇੱਕ ਵਿਲੱਖਣ DigiLocker ਖਾਤਾ ਮੁਹੱਈਆ ਕਰਵਾਇਆ ਜਾਂਦਾ ਹੈ ਜਿਸਨੂੰ ਸੰਬੰਧਤ ਵਿਅਕਤੀ ਦੇ ਆਧਾਰ ਨੰਬਰ ਨਾਲ ਜੋੜ ਦਿੱਤਾ ਜਾਂਦਾ ਹੈ। ਇਸ ਖਾਤੇ ਵਿੱਚ ਸੰਬੰਧਤ ਵਿਅਕਤੀ ਨੂੰ 1GB ਦੀ ਕਲਾਊਡ ਸਟੋਰੇਜ਼ ਉਪਲੱਬਧ ਕਰਵਾਈ ਜਾਂਦੀ ਹੈ। ਨੈਸ਼ਨਲ ਅਕੈਡਮਿਕ ਡਿਪੋਜ਼ਿਟਰੀ ਵਿੱਚ ਕੇਵਲ ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਸਟੋਰ ਹੋ ਸਕਦੇ ਹਨ, ਜਦੋਂਕਿ ਡਿਜੀਲੌਕਰ ਵਿੱਚ ਹੋਰ ਦਸਤਾਵੇਜ਼ ਜਿਵੇਂ ਕਿ ਆਧਾਰ ਕਾਰਡ, ਡਰਾਈਵਿੰਗ ਲਾਈਸੈਂਸ ਆਦਿ ਵੀ ਸਟੋਰ ਕੀਤੇ ਜਾ ਸਕਦੇ ਹਨ।

### 6.6.1 DigiLocker ਨੂੰ ਵਰਤਣ ਦੇ ਸਟੈੱਪ

1. ਵੈੱਬਸਾਈਟ https://digilocker.gov.in ਨੂੰ ਖੋਲ੍ਹੋ ਜਾਂ ਆਪਣੇ ਸਮਾਰਟਫੋਨ 'ਤੇ ਪਲੇਸਟੋਰ ਤੋਂ DigiLocker ਐਪ ਇੰਸਟਾਲ ਕਰੋ। ਹੁਣ ਆਪਣੇ ਆਧਾਰ ਨੰਬਰ ਅਤੇ ਆਧਾਰ ਨਾਲ ਲਿੰਕ ਮੋਬਾਇਲ ਨੰਬਰ ਦੀ ਵਰਤੋਂ ਕਰਦੇ ਹੋਏ OTP (One Time Password) ਰਾਹੀਂ ਆਪਣਾ ਯੂਜ਼ਰ ਆਈ.ਡੀ. ਤਿਆਰ ਕਰੋ।
2. ਜੇਕਰ ਕਿਸੇ ਸੰਸਥਾ ਵੱਲੋਂ ਤੁਹਾਡਾ ਕੋਈ ਈ-ਡਾਕੂਮੈਂਟ ਜਾਰੀ ਕੀਤਾ ਗਿਆ ਹੈ, ਤਾਂ ਤੁਸੀਂ ਇਸਨੂੰ ਆਪਣੇ DigiLocker ਵਿੱਚ ਦੇਖ ਸਕਦੇ ਹੋ। ਤੁਸੀਂ ਆਪਣੇ ਡਾਕੂਮੈਂਟ ਖੁਦ ਵੀ ਅਪਲੋਡ ਕਰ ਸਕਦੇ ਹੋ ਅਤੇ ਈ-ਸਿਗਨੇਚਰ ਕਰ ਸਕਦੇ ਹੋ।
3. ਤੁਸੀਂ ਆਪਣੇ DigiLocker ਵਿਚਲੇ ਡਾਕੂਮੈਂਟਸ ਦਾ ਲਿੰਕ ਦੂਸਰਿਆ ਨਾਲ ਸ਼ੇਅਰ ਕਰਕੇ ਡਾਕੂਮੈਂਟ ਨੂੰ ਸ਼ੇਅਰ ਕਰ ਸਕਦੇ ਹੋ।

**ਨੋਟ- ਆਪਣੇ DigiLocker ਨੂੰ ਵਰਤਣ ਉਪਰੰਤ ਲਾਗਆਊਟ ਕਰਨਾ ਨਾ ਭੁੱਲੋ।**

## ਯਾਦ ਰੱਖਣ ਯੋਗ ਗੱਲਾਂ

1. ਡਿਜੀਟਾਈਜ਼ੇਸ਼ਨ ਤੋਂ ਭਾਵ ਸੂਚਨਾ ਨੂੰ ਕੰਪਿਊਟਰ ਦੇ ਪੜ੍ਹਨਯੋਗ ਅਤੇ ਕੰਪਿਊਟਰ ਰਾਹੀਂ ਸੰਭਾਲਣਯੋਗ ਰੂਪ ਵਿੱਚ ਬਦਲਣ ਦੀ ਪ੍ਰਕ੍ਰਿਆ ਹੈ।
2. ਈ-ਕਾਮਰਸ ਤੋਂ ਭਾਵ, ਇੰਟਰਨੈੱਟ ਰਾਹੀਂ ਵਸਤਾਂ ਨੂੰ ਖਰੀਦਣਾ ਜਾਂ ਵੇਚਣਾ, ਸੇਵਾਵਾਂ ਦੀ ਵਰਤੋਂ ਕਰਨਾ, ਪੈਸਿਆਂ ਦਾ ਲੈਣ-ਦੇਣ ਕਰਨਾ ਆਦਿ ਹੈ।
3. ਡਿਜੀਟਲ ਪੇਮੈਂਟ, ਨਕਦੀ ਰਹਿਤ ਭੁਗਤਾਨ ਕਰਨ ਦਾ ਆਸਾਨ ਅਤੇ ਤੇਜ਼ ਤਰੀਕਾ ਹੈ, ਜਿਸ ਵਿੱਚ ਡਿਜੀਟਲ ਮਾਧਿਅਮ ਰਾਹੀਂ ਭੁਗਤਾਨ ਕੀਤਾ ਜਾਂਦਾ ਹੈ।
4. ਨੈਟਬੈਂਕਿੰਗ ਬੈਂਕ ਵੱਲੋਂ ਆਪਣੇ ਗ੍ਰਾਹਕ ਨੂੰ ਦਿੱਤੀ ਗਈ ਉਹ ਸੁਵਿਧਾ ਹੈ, ਜਿਸ ਰਾਹੀਂ ਗ੍ਰਾਹਕ ਘਰ ਬੈਠੇ ਇੰਟਰਨੈੱਟ ਦੀ ਵਰਤੋਂ ਕਰਦੇ ਹੋਏ ਆਪਣੇ ਬੈਂਕ ਖਾਤੇ ਦੀ ਸਟੇਟਮੈਂਟ, ਪੈਸਿਆਂ ਦਾ ਲੈਣ-ਦੇਣ ਕਰਨਾ, ਭੁਗਤਾਨ ਕਰਨਾ, ਬੱਚਤ ਸਕੀਮਾਂ ਵਿੱਚ ਪੈਸੇ ਟ੍ਰਾਂਸਫਰ ਕਰਨਾ, ਆਦਿ ਆਸਾਨੀ ਨਾਲ ਕਰ ਸਕਦਾ ਹੈ।
5. ਈ-ਲਰਨਿੰਗ, ਸਿੱਖਿਆ ਪ੍ਰਾਪਤ ਕਰਨ ਦਾ ਆਸਾਨ ਅਤੇ ਆਰਾਮਦਾਇਕ ਤਰੀਕਾ ਹੈ ਜਿਸ ਵਿੱਚ ਸਿੱਖਿਆਰਥੀ ਇੰਟਰਨੈੱਟ ਦੀ ਵਰਤੋਂ ਕਰਕੇ, ਆਨਲਾਈਨ ਉਪਲੱਬਧ ਬਹੁ-ਗਿਣਤੀ ਕੋਰਸਾਂ ਵਿੱਚੋਂ ਆਪਣੀ ਯੋਗਤਾ ਅਤੇ ਪਸੰਦ ਅਨੁਸਾਰ ਕੋਰਸ ਅਤੇ ਵਿਸ਼ੇ ਦੀ ਚੋਣ ਕਰਕੇ, ਘਰ ਬੈਠੇ ਹੀ ਪੜ੍ਹਾਈ ਕਰ ਸਕਦਾ ਹੈ।
6. National Academic Depository ਦੇ ਉੱਤੇ ਵਿਅਕਤੀ ਜਾਂ ਵਿਦਿਆਰਥੀ ਆਪਣੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਅਤੇ ਦਸਤਾਵੇਜ਼ਾਂ ਨੂੰ ਸੁਰੱਖਿਅਤ ਸਟੋਰ ਕਰ ਸਕਦੇ ਹਨ।
7. DigiLocker ਦਸਤਾਵੇਜ਼ਾਂ ਨੂੰ ਆਨਲਾਈਨ ਸਟੋਰ ਕਰਨ ਅਤੇ ਸਾਂਝਣ ਦਾ ਇੱਕ ਸੁਰੱਖਿਅਤ ਢੰਗ ਹੈ।

# ਅਭਿਆਸ

ਭਾਗ-ੳ

ਪ੍ਰ 1. ਬਹੁਪੰਸਦੀ ਪ੍ਰਸ਼ਨ:

I. ______ ਤੋਂ ਭਾਵ ਸੂਚਨਾ ਨੂੰ ਕੰਪਿਊਟਰ ਦੇ ਪੜ੍ਹਨਯੋਗ ਅਤੇ ਸੰਭਾਲਣਯੋਗ ਰੂਪ ਵਿੱਚ ਬਦਲਣ ਦੀ ਪ੍ਰਕ੍ਰਿਆ ਹੈ।

a) ਈ-ਲਰਨਿੰਗ b) ਈ-ਕਾਮਰਸ c) ਡਿਜੀਟਾਈਜ਼ੇਸ਼ਨ d) ਨੈੱਟਬੈਂਕਿੰਗ

II. ________ ਤੋਂ ਭਾਵ ਇੰਟਰਨੈੱਟ ਰਾਹੀਂ ਵਸਤਾਂ ਨੂੰ ਖਰੀਦਣਾ ਜਾਂ ਵੇਚਣਾ ਹੈ।

a) ਈ-ਕਾਮਰਸ b) ਡਿਜੀਲੌਕਰ c) ਡਿਜੀਟਲ ਪੇਮੈਂਟ d) ਕੋਈ ਨਹੀਂ

III. ________ ਨਕਦੀ ਰਹਿਤ ਭੁਗਤਾਨ ਦਾ ਅਸਾਨ ਅਤੇ ਤੇਜ਼ ਤਰੀਕਾ ਹੈ।

a) ਡਿਜੀਟਲਾਈਜ਼ੇਸ਼ਨ b) ਸਟੋਰੇਜ਼ c) ਆਫਲਾਈਨ d) ਡਿਜੀਟਲ ਪੇਮੈਂਟ

IV. _______ ਵਿੱਚ ਕੇਵਲ ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਸੰਸਥਾਵਾਂ ਵੱਲੋਂ ਡਿਜੀਟਲ ਮਾਧਿਅਮ ਵਿੱਚ ਜਾਰੀ ਕੀਤੇ ਜਾਂਦੇ ਹਨ, ਹੀ ਸਟੋਰ ਹੋ ਸਕਦੇ ਹਨ।

a) SWAYAM b) NAD c) MOOCs d) DigiLocker

V. ______ ਈ-ਕਾਮਰਸ ਦੀ ਇੱਕ ਕਿਸਮ ਹੈ ਜਿਸ ਵਿੱਚ ਕੰਪਨੀ ਅਤੇ ਖਪਤਕਾਰ ਸ਼ਾਮਿਲ ਹੁੰਦੇ ਹਨ।

a) B2B b) B2C c) C2C d) ਕੋਈ ਨਹੀਂ

ਪ੍ਰ 2. ਪੂਰੇ ਨਾਮ ਲਿਖੋ :

I. B2B
II. B2C
III. C2C
IV. NAD
V. UPI

ਭਾਗ-ਅ

ਪ੍ਰ 3. ਛੋਟੇ ਉੱਤਰਾਂ ਵਾਲੇ ਪ੍ਰਸ਼ਨ (4-5 ਲਾਈਨਾਂ ਵਿੱਚ ਉੱਤਰ ਲਿਖੋ)

I. ਡਿਜੀਟਾਈਜ਼ੇਸ਼ਨ ਤੋਂ ਕੀ ਭਾਵ ਹੈ ?
II. ਨੈੱਟਬੈਂਕਿੰਗ ਬਾਰੇ ਜਾਣਕਾਰੀ ਦਿਓ।
III. ਈ-ਕਾਮਰਸ ਤੋਂ ਤੁਸੀਂ ਕੀ ਸਮਝਦੇ ਹੋ ?
IV. ਈ-ਕਾਮਰਸ ਦੀਆਂ ਕਿਸਮਾਂ ਦੇ ਨਾਂ ਦੱਸੋ।
V. ਆਨਲਾਈਨ ਭੁਗਤਾਨ ਦੇ ਲਾਭ ਲਿਖੋ।
VI. ਡਿਜੀਲੌਕਰ ਬਾਰੇ ਦੱਸੋ।
VII. ਈ-ਲਰਨਿੰਗ ਕੀ ਹੈ ?
VIII. ਆਨਲਾਈਨ ਜਾਂ ਡਿਜੀਟਲ ਪੇਮੈਂਟ ਕੀ ਹੁੰਦੀ ਹੈ?

ਭਾਗ-ੲ

ਪ੍ਰ 4. ਵੱਡੇ ਉੱਤਰਾਂ ਵਾਲੇ ਪ੍ਰਸ਼ਨ (10-15 ਲਾਈਨਾਂ ਵਿਚ ਉੱਤਰ ਲਿਖੋ)

I. ਈ-ਕਾਮਰਸ ਦੀਆਂ ਕਿਸਮਾਂ ਬਾਰੇ ਵਿਸਥਾਰ ਵਿੱਚ ਦੱਸੋ।
II. ਈ-ਕਾਮਰਸ ਦੇ ਲਾਭ ਅਤੇ ਹਾਨੀਆਂ ਬਾਰੇ ਦੱਸੋ।
III. ਡਿਜੀਟਲ ਜਾਂ ਆਨਲਾਈਨ ਪੇਮੈਂਟ ਦੇ ਵੱਖ-ਵੱਖ ਢੰਗਾਂ ਬਾਰੇ ਸੰਖੇਪ ਜਾਣਕਾਰੀ ਦਿਓ।

# ਲੈਬ ਐਕਟੀਵਿਟੀ

1. DigiLocker ਤੋਂ ਆਪਣਾ 10ਵੀਂ ਜਮਾਤ ਦਾ ਨੰਬਰ ਕਾਰਡ (DMC) ਡਾਊਨਲੋਡ ਕਰੋ।
2. ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬ ਸਾਈਟ ਤੋਂ 11ਵੀਂ ਜਮਾਤ ਦੀ Computer Science ਦੀ EBOOK ਡਾਊਨਲੋਡ ਕਰੋ।